## ਸ਼੍ਰੇਣੀ-ਗਿਆਰ੍ਹਵੀਂ

## ਪੰਜਾਬੀ (ਲਾਜ਼ਮੀ)

**ਸਮਾਂ : 3 ਘੰਟੇ**

**ਲਿਖਤੀ ਪੇਪਰ:50 ਅੰਕ**

**ਆਂਤਰਿਕ ਮੁਲਾਂਕਣ: 25 ਅੰਕ**

**ਕੁੱਲ :75 ਅੰਕ**

### ਅੰਕ ਵੰਡ ਅਤੇ ਪਾਠ-ਕ੍ਰਮ

| ਲੜੀ ਨੰ: | ਪਾਠ-ਕ੍ਰਮ | ਅੰਕ |
|---|---|---|
| 1. | ਪੰਜਾਬੀ ਲੋਕ ਸਾਹਿਤ:-<br>ਲੋਕ-ਗੀਤ ਅਤੇ ਲੋਕ-ਕਥਾਵਾਂ | 16 |
| 2. | ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ<br>(ਤਕਨੀਕੀ ਸ਼ਬਦਾਵਲੀ:-ਬੈਂਕ, ਰੇਲਵੇ, ਡਾਕ ਅਤੇ<br>ਬੀਮਾ ਸੇਵਾਵਾਂ ਨਾਲ਼ ਸੰਬੰਧਿਤ ਵਾਕਾਂ ਵਿੱਚ ਵਰਤੋਂ) | 9 |
| 3. | ਪੰਜਾਬੀ ਭਾਸ਼ਾ ਲਿਖਣ ਦਾ ਹੁਨਰ:-<br>ਅਖ਼ਬਾਰ ਦੇ ਸੰਪਾਦਕ ਨੂੰ ਪੱਤਰ | 19 |
| 4. | ਵਿਆਕਰਨ:-ਮੁਹਾਵਰੇ | 6 |
| **ਕੁੱਲ ਅੰਕ** | | **50** |

### ਪਾਠ-ਕ੍ਰਮ ਦਾ ਵੇਰਵਾ

**1. ਪੰਜਾਬੀ ਲੋਕ-ਸਾਹਿਤ**

(i) ਲੋਕ-ਗੀਤ :- ਸੁਹਾਗ, ਘੋੜੀ, ਸਿੱਠਣੀ, ਟੱਪਾ, ਬੋਲੀ, ਢੋਲਾ, ਮਾਹੀਆ।

(ii) ਲੋਕ ਕਥਾਵਾਂ :- 1. **ਮਿੱਥ ਕਥਾਵਾਂ:**

ਪ੍ਰਹਿਲਾਦ ਭਗਤ, ਨਲ ਦਮਿਅੰਤੀ

2. **ਪਰੀ ਕਥਾਵਾਂ ਤੇ ਨੀਤੀ ਕਥਾਵਾਂ:**

ਨੀਲ ਕਮਲ, ਸਬਜ਼ ਪਰੀ, ਲਾਲਸਾ ਦੀ ਚੱਕੀ

3. **ਦੰਤ ਕਥਾਵਾਂ:**

ਪੂਰਨ ਭਗਤ, ਰਾਜਾ ਰਸਾਲੂ, ਦੁੱਲਾ ਭੱਟੀ

4. **ਪ੍ਰੀਤ ਕਥਾਵਾਂ:**

ਹੀਰ ਰਾਂਝਾ, ਮਿਰਜ਼ਾ ਸਾਹਿਬਾਂ

2. **ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ**

(i) ਤਕਨੀਕੀ ਸ਼ਬਦਾਵਲੀ : ਦਫ਼ਤਰੀ ਸ਼ਬਦਾਵਲੀ, ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ।

(ii) ਬੈਂਕ ਰੇਲਵੇ, ਡਾਕ ਤੇ ਬੀਮਾ ਸੇਵਾਵਾਂ ਨਾਲ਼ ਸੰਬੰਧਿਤ ਵਾਕ।

3. **ਅਖ਼ਬਾਰ ਦੇ ਸੰਪਾਦਕ ਨੂੰ ਪੱਤਰ (ਕਿਸੇ ਮਸਲੇ/ਘਟਨਾ ਬਾਰੇ)**

4. **ਇਸ਼ਤਿਹਾਰ/ਸੱਦਾ ਪੱਤਰ:**

[ਖ਼ੁਸ਼ੀ, ਗ਼ਮੀ ਜਾਂ ਕਿਸੇ ਹੋਰ ਸਮਾਗਮ ਦਾ ਸੱਦਾ-ਪੱਤਰ, ਅਖ਼ਬਾਰਾਂ ਨੂੰ ਦੇਣ ਲਈ ਨਿੱਜੀ ਇਸ਼ਤਿਹਾਰ (ਪ੍ਰਾਈਵੇਟ ਅਤੇ ਸਰਕਾਰੀ ਸੰਸਥਾਵਾਂ ਦੇ ਇਸ਼ਤਿਹਾਰ ਨਹੀਂ ਹੋਣਗੇ)]

5. **ਪੈਰਾ ਰਚਨਾ : (ਲਗ-ਪਗ 150 ਸ਼ਬਦਾਂ ਦੀ)**

6. **ਮੁਹਾਵਰੇ (ਲਗ-ਪਗ 100 ਮੁਹਾਵਰੇ)**

# **ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ-11 ਪੰਜਾਬ ਸਕੂਲ ਸਿੱਖਿਆ ਬੋਰਡ।**

**ਪ੍ਰਸ਼ਨ ਪੱਤਰ ਦੀ ਰੂਪ ਰੇਖਾ**

**ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ**

ਪ੍ਰਸ਼ਨ ਨੰ: 1 ਸਮੁੱਚੇ ਪਾਠ-ਕ੍ਰਮ ਦੇ ਆਧਾਰ ਤੇ ਸੰਖੇਪ ਉੱਤਰਾਂ ਵਾਲ਼ੇ ਦੱਸ ਪ੍ਰਸ਼ਨ ਪੁੱਛੇ ਜਾਣਗੇ ਹਰੇਕ ਪ੍ਰਸ਼ਨ ਦਾ 1/2 ਅੰਕ ਹੋਵੇਗਾ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :-

(ੳ) **ਪੰਜਾਬੀ ਲੋਕ-ਸਾਹਿਤ** : 1 ਅੰਕ (ਬਹੁ-ਚੋਣ, ਠੀਕ/ਗ਼ਲਤ, ਖ਼ਾਲੀ ਥਾਂਵਾਂ ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲ਼ੇ ਪ੍ਰਸ਼ਨ)

(ਅ) **ਲੋਕ-ਗੀਤ** : 1 ਅੰਕ ਦੇ ਦੋ ਪ੍ਰਸ਼ਨ - ਇੱਕ ਪ੍ਰਸ਼ਨ ਨਿਰਧਾਰਿਤ ਪਾਠ-ਸਮਗਰੀ ਵਿੱਚ ਦਿੱਤਿਆਂ ਪਰਿਭਾਸ਼ਾਵਾਂ ਅਤੇ ਇੱਕ ਪ੍ਰਸ਼ਨ ਨਿਰਧਾਰਿਤ ਪਾਠ-ਸਮਗਰੀ ਦੇ ਆਧਾਰ ਤੇ ਪੁਛਿਆ ਜਾਵੇਗਾ।

(ੲ) ਲੋਕ ਕਥਾਵਾਂ : 1 ਅੰਕ ਦੇ ਦੋ ਪ੍ਰਸ਼ਨ ਪੁੱਛੇ ਜਾਣਗੇ ਇੱਕ ਪ੍ਰਸ਼ਨ ਭਿੰਨ-ਭਿੰਨ ਲੋਕ-ਕਥਾਵਾਂ ਦੀ ਪਰਿਭਾਸ਼ਾ ਸੰਬੰਧੀ ਅਤੇ ਇੱਕ ਪ੍ਰਸ਼ਨ ਪਾਤਰਾਂ ਸੰਬੰਧੀ ਪੁੱਛਿਆ ਜਾਵੇਗਾ।

(ਸ) ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ : 1 ਅੰਕ(ਸਿੱਧਾ ਅਰਥ ਪੁੱਛਣਾ, ਬਹੁ-ਚੋਣ, ਮਿਲਾਨ ਕਰਨਾ) ਤਕਨੀਕੀ ਸ਼ਬਦਾਵਲੀ ਤੇ ਆਧਾਰਿਤ 2 ਪ੍ਰਸ਼ਨ ਇਸ ਅਧੀਨ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ ਦਾ 1/2 ਅੰਕ ਹੋਵੇਗਾ।

(ਹ) ਮੁਹਾਵਰੇ:-1 ਅੰਕ (1/2 ਅੰਕ ਵਰਤੋਂ ਸਥਿਤੀ ਦੱਸ ਕੇ ਢੁਕਵਾਂ ਮੁਹਾਵਰਾ ਪੁੱਛਣ, 1/2 ਅੰਕ ਮੁਹਾਵਰੇ ਦੇ ਅਰਥ ਨਾਲ਼ ਸੰਬੰਧਿਤ ਬਹੁ-ਚੋਣੀ ਪ੍ਰਸ਼ਨ) $10\times1/2=5$ ਅੰਕ

ਪ੍ਰਸ਼ਨ ਨੰ: 2 ਪੰਜਾਬੀ ਪਾਠ-ਪੁਸਤਕ ਵਿੱਚ ਲੋਕ-ਗੀਤਾਂ ਬਾਰੇ ਦਿੱਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨ ਦੇ ਕੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 3+3=6 ਅੰਕ

ਪ੍ਰਸ਼ਨ ਨੰ: 3 ਪਾਠ-ਪੁਸਤਕ ਵਿੱਚ ਦਿੱਤੀਆਂ ਵੱਖ-ਵੱਖ ਵੰਨਗੀਆਂ ਦੀਆਂ ਲੋਕ-ਕਥਾਵਾਂ ਵਿੱਚੋਂ ਦੋ ਦੇ ਨਾਂ ਦੇ ਕੇ ਕਿਸੇ ਇੱਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 7 ਅੰਕ

ਪ੍ਰਸ਼ਨ ਨੰ: 4 (ੳ) ਪਾਠ-ਪੁਸਤਕ ਵਿੱਚ ਦਿੱਤੀ ਗਈ ਤਕਨੀਕੀ ਸ਼ਬਦਾਵਲੀ ਵਿੱਚੋਂ ਦਸ ਸ਼ਬਦ ਦੇ ਕੇ ਕਿਸੇ ਛੇ ਦੇ ਅਰਥ ਲਿਖਣ ਲਈ ਕਿਹਾ ਜਾਵੇਗਾ। $6\times1/2=3$ ਅੰਕ

(ਅ) ਪਾਠ-ਪੁਸਤਕ ਵਿੱਚ ਦਿੱਤੇ ਗਏ ਬੈਂਕ, ਰੇਲਵੇ, ਡਾਕ ਅਤੇ ਬੀਮਾ-ਸੇਵਾਵਾਂ ਨਾਲ਼ ਸੰਬੰਧਿਤ ਅੱਠ ਵਾਕ ਦੇ ਕੇ ਕੋਈ ਪੰਜ ਵਾਕਾਂ ਦਾ ਪੰਜਾਬੀ ਅਨੁਵਾਦ ਲਿਖਣ ਲਈ ਕਿਹਾ ਜਾਵੇਗਾ। $5\times1=5$ ਅੰਕ

ਪ੍ਰਸ਼ਨ ਨੰ: 5 ਕਿਸੇ ਮਸਲੇ/ਘਟਨਾ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਣ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਲਿਖਣ ਲਈ ਕਿਹਾ ਜਾਵੇਗਾ। 11/2+4+11/2=7 ਅੰਕ

ਪ੍ਰਸ਼ਨ ਨੰ: 6 ਪੰਜਾਬੀ ਪਾਠ-ਪੁਸਤਕ ਵਿੱਚ ਦਿੱਤੀਆਂ ਵੰਨਗੀਆਂ ਅਨੁਸਾਰ ਇੱਕ ਇਸ਼ਤਿਹਾਰ ਜਾਂ ਸੱਦਾ ਪੱਤਰ ਲਿਖਣ ਲਈ ਕਿਹਾ ਜਾਵੇਗਾ । 6 ਅੰਕ

ਪ੍ਰਸ਼ਨ ਨੰ: 7 ਕੋਈ ਤਿੰਨ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਬਾਰੇ ਲਗ-ਪਗ 150 ਸ਼ਬਦਾਂ ਦੀ ਪੈਰਾ-ਰਚਨਾ ਕਰਨ ਲਈ ਕਿਹਾ ਜਾਵੇਗਾ। 6 ਅੰਕ

ਪ੍ਰਸ਼ਨ ਨੰ: 8 ਪੰਜਾਬੀ ਪਾਠ- ਪੁਸਤਕ ਵਿੱਚੋਂ ਕੋਈ ਅੱਠ ਮੁਹਾਵਰੇ ਦੇ ਕੇ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ। $5\times1=5$ ਅੰਕ